# ਤਬ ਇਹੁ ਨੰਦੁ ਕਹਾ ਥੋ ਰੇ

ਇਹ ਸ਼ਬਦ ਭਗਤ ਕਬੀਰ ਜੀ ਨੇ ਉਚਾਰਣ ਕੀਤਾ ਹੈ। ਇਹ ਗਉੜੀ ਰਾਗ ਵਿਚ, ਅੰਕ ੩੩੮ ਤੇ ਦਰਜ ਹੈ।

**ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥**

-- ਭਗਤ ਜੀ ਦਾ ਫ਼ੁਰਮਾਣ ਹੈ, ਸ੍ਰੀ ਕ੍ਰਿਸ਼ਨ ਜੀ ਦੀ, ਬਾਲਪਣ ਵਿਚ, ਪਾਲਣ ਪੋਸ਼ਣ ਦੀ ਸੇਵਾ ਕਰਣ ਵਾਲੇ, ਪਿਤਾ, ਨੰਦ ਜੀ ੮੪ ਲਖ ਜੂਨਾਂ ਦੇ ਗੇੜ ਵਿਚ ਘੁੰਮਦੇ ਥਕ ਚੁਕੇ ਸਨ।

**ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥**

-- ਨੰਦ ਰਾਇ ਜੀ ਦੀ ਕੋਈ ਸੁਤੀ ਹੋਈ, ਪੂਰਬਲੀ ਕਮਾਈ ਜਾਗ ਪਈ ਅਤੇ ਉਸ ਵਿਚਾਰੇ ਦੇ ਭਾਗ ਖੁਲ ਗਏ ਜਿਸ ਕਰ ਕੇ ਮਹਾਰਾਜ ਸ੍ਰੀ ਕ੍ਰਿਸ਼ਨ ਜੀ, ਸਮੇਂ ਦੇ ਗੁਰ-ਜੋਤਿ, ਨੇ ਆਪਣੇ ਭਗਤਾਂ ਦੇ ਉਧਾਰ ਦੀ ਖ਼ਾਤਰ ਪ੍ਰਕਾਸ਼ ਧਾਰਿਆ ਅਤੇ ਉਨ੍ਹਾਂ ਦੇ ਘਰ ਉਤਰੇ।੧।

ਗੁਰ-ਜੋਤਿ ਨੇ ਹਮੇਸ਼ਾਂ ਹੀ ਆਪਣੇ ਭਗਤਾਂ ਦੀ ਖਾਤਰ ਅਵਤਾਰ ਧਾਰਿਆ ਹੈ। ਆਪਣੇ ਭਗਤ ਦੀ ਖਾਤਰ, ਨਰ ਸਿੰਘ ਰੂਪ ਵਿਚ ਵੀ ਆਉਣ ਤੋਂ ਸੰਕੋਚ ਨਹੀਂ ਕੀਤਾ। - 'ਭਗਤਿ ਹੇਤਿ ਨਰਸਿੰਘ ਭੇਵ॥' ਭਗਤ ਨਾਮਦੇਵ ਜੀ ਨੇ ਵੀ ਇੰਵ ਬਿਆਨ ਕੀਤਾ ਹੈ ਕਿ ਭਗਤ ਦੀ ਖਾਤਰ ਨਰਸਿੰਘ ਦੇਹ ਧਾਰਣ ਕਰ ਕੇ ਹਰਨਾਖਸ ਦਾ ਸੰਘਾਰ ਕੀਤਾ - 'ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਦੇਹ ਧਰਿਓ॥' ਭਟ ਗਯੰਦ ਜੀ ਦੇ ਵਾਕ ਹਨ ਕਿ **ਹੇ ਗੁਰੂ ਰਾਮਦਾਸ** ! ਤੂੰ ਉਤਮ ਚਿਤ ਵਾਲੇ ਆਪਣੇ ਭਗਤ ਦੇ ਕਰ ਕੇ ਹੀ ਨਰਸਿੰਘ ਰੂਪ ਵਿਚ ਭੇਖ ਧਾਰਣ ਕੀਤਾ ਅਤੇ ਉਸ ਹਰਨਾਖਸ ਦਾ ਆਪਣੇ ਨਹੁੰਆਂ ਨਾਲ ਸੰਘਾਰ ਕੀਤਾ। ਤੂੰ ਸੰਖ, ਚਕ੍ਰ, ਗਦਾ, ਪਦਮ ਆਦਿ ਦਾ ਧਾਰਨੀ ਹੈਂ, ਤੂੰ ਹੀ ਰਾਜਾ ਬਲਿ ਨੂੰ ਛਲਣ ਲਈ, ਉਸ ਦਾ ਉਧਾਰ ਕਰਨ ਲਈ ਬਾਵਨ ਰੂਪ ਧਾਰਿਆ, ਤੂੰ ਹੀ ਅਪਰ ਅਪਾਰ ਪਾਰਬ੍ਰਹਮ ਪਰਮੇਸ਼ਰ ਦਾ ਦ੍ਰਿਸ਼ਟਮਾਨ ਸਰੂਪ ਹੈਂ, ਤੇਰਾ ਬਿਆਨ ਕੌਣ ਕਰ ਸਕਦਾ ਹੈ - 'ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ॥ ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ ਅਪਰੰਪਰ ਪਾਰਬ੍ਰਹਮੁ ਲਖੈ ਕਉਨੁ ਤਾਹਿ ਜੀਉ॥', ਅੰਕ ੧੪੦੨. ਇਸੇ ਤਰ੍ਹਾਂ, ਆਪਣੇ ਭਗਤਾਂ ਦੀ ਖਾਤਰ ਗੁਰ-ਜੋਤਿ ਦਾ ਅਵਤਰਣ ਹੁੰਦਾ ਆਇਆ ਹੈ ਅਤੇ ਹੁੰਦਾ ਰਹੇਗਾ, ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥', ਪੰਨਾ ੪੫੧ ਅਤੇ - 'ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥', ਪੰਨਾ ੭੯. ਸ੍ਰੀ ਗੁਰੂ ਨਾਨਕ ਸਾਹਿਬ ਨੇ ਦਸਿਆ ਹੈ ਕਿ ਸ੍ਰੀ ਰਾਮ ਚੰਦਰ ਜੀ ਦੇ ਰੂਪ ਵਿਚ ਵੀ ਗੁਰ-ਜੋਤਿ ਨੇ ਪਥਰ ਵੀ ਸਮੁੰਦਰ ਤੇ ਤਾਰ ਦਿਤੇ ਅਤੇ ਆਪਣੇ ਤੇਤੀ ਕਰੋੜ ਭਗਤਾਂ ਦਾ ਉਧਾਰ ਕੀਤਾ - 'ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥', ਪੰਨਾ ੯੪੨.

ਸ੍ਰੀ ਕ੍ਰਿਸ਼ਨ ਜੀ ਨੇ ਵੀ ਆਪਣੇ ਭਗਤਾਂ ਦੀ ਖ਼ਾਤਰ ਹੀ ਪ੍ਰਕਾਸ਼ ਧਾਰਿਆ। ਪਰ ਨਾਲ ਲਗਦੇ, ਵਿਚਾਰੇ ਨੰਦ ਜੀ ਦੇ ਵੀ, ਪਾਲਣਾ ਕਰਨ ਵਾਲੇ ਪਿਤਾ ਬਣਨ ਕਰਕੇ, ਭਾਗ ਖੁਲ ਗਏ। ਘਰ ਦੇ ਵਿਚ ਗੁਰ-ਜੋਤਿ ਦਾ ਆਉਣਾ ਵਡੇ ਭਾਗਾਂ ਵਾਲੀ ਗਲ ਹੁੰਦੀ ਹੈ, ਇਸੇ ਲਈ ਭਗਤ ਨਾਮਦੇਵ ਜੀ ਦੀ ਬਾਣੀ ਵਿਚ, ਅੰਕ ੯੮੮ ਤੇ, ਮਾਤਾ ਦੇਵਕੀ ਨੂੰ ਵੀ ਧੰਨ ਕਿਹਾ ਗਿਆ ਹੈ -

'ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥' ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਨੇ ਵੀ ਬਾਣੀ ਵਿਚ, ਅੰਕ ੩੧੦ ਤੇ, ਅਜਿਹਾ ਫ਼ੁਰਮਾਣ ਕੀਤਾ ਹੈ - 'ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥' ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਦਸ ਜਾਮੇ ਧਾਰ ਕੇ ਭਗਤ ਜਨਾਂ ਦਾ ਉਧਾਰ ਕੀਤਾ। ਇਤਿਹਾਸ ਗਵਾਹ ਹੈ ਕਿ ਪਾਤਸ਼ਾਹ ਨੂੰ ਉਹੀ ਮਿਲਿਆ ਜੋ ਉਨ੍ਹਾਂ ਦਾ ਪੂਰਬਲਾ ਸੇਵਕ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦਾ ਸਪੱਸ਼ਟ ਵਾਕ ਹੈ - 'ਸਾਧੁ ਮਿਲੈ ਪੂਰਬ ਸੰਜੋਗ॥', ਅੰਕ ੧੫੩. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਵੀ ਬਚਨ ਕੀਤੇ ਹਨ - 'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥', ਪੰਨਾ ੨੦੪. ਭਗਤ ਕਬੀਰ ਜੀ ਵੀ ਸਪੱਸ਼ਟ ਕਰਦੇ ਹਨ - 'ਪੂਰਬ ਜਨਮ ਹਮ ਤੁਮ੍ਹਰੇ ਸੇਵਕ..॥', ਅੰਕ ੯੭੦.

ਅਸਲ ਵਿਚ ਤਾਂ ਗੁਰੂ ਮਹਾਤਮਾ, ਸਰੀਰ ਧਾਰ ਕੇ ਦੁਨੀਆਂ ਵਿਚ, ਭਗਤ ਜਨਾਂ ਦੇ ਉਧਾਰ ਦੀ ਖਾਤਰ ਪ੍ਰਕਾਸ਼ ਧਾਰਦਾ ਹੀ ਰਹਿੰਦਾ ਹੈ ਪਰ ਜਿਸਨੂੰ ਵਡਿਆਈ ਦੇਣ ਲਈ ਜਿਸਦੇ ਘਰ ਉਤਰਦਾ ਹੈ ਉਸਦੇ ਵਡੇ ਭਾਗ ਹੁੰਦੇ ਹਨ। ਉਸ ਦੇ ਘਰ ਉਸ ਮਹਾਤਮਾ ਦੇ ਅਵਤਰਣ ਹੋਣ ਨਾਲ ਉਸ ਦੀਆਂ ਕੁਲਾਂ ਦਾ ਉਧਾਰ ਸੁਤੇ ਸਿਧ ਹੀ ਹੋ ਜਾਂਦਾ ਹੈ। ਸ੍ਰੀ ਗੁਰੁ ਅਮਰਦਾਸ ਪਾਤਸ਼ਾਹ ਨੇ, ਅੰਕ ੧੧੩੩ ਤੇ ਫ਼ੁਰਮਾਣ ਕੀਤਾ ਹੈ ਕਿ ਭਗਤ ਪ੍ਰਹਲਾਦ ਜੀ ਦੇ ਜਨਮ ਲੈਣ ਨਾਲ ਉਨ੍ਹਾਂ ਦੀਆਂ ਇਕੀ ਕੁਲਾਂ ਦਾ ਉਧਾਰ ਹੋ ਗਿਆ - 'ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥' ਸਾਖੀ ਹੈ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ, ਪਿਤਾ ਕਲਿਆਣ ਰਾਇ ਜੀ ਦੇ ਘਰ ਪਰਕਾਸ਼ ਧਾਰਣ ਤੇ, ਪਿਤਾ ਦੀਆਂ ਸਭ, ਪਿਛਲੀਆਂ ਕੁਲਾਂ ਨੂੰ ਬੈਕੁੰਠ ਵਿਚ ਥਾਂ ਮਿਲ ਗਈ, ਜੋ, ਇਕ ਸਾਖੀ ਅਨੁਸਾਰ, ਉਨ੍ਹਾਂ ਨੇ ਪਿਤਾ ਕਲਿਆਣ ਰਾਇ ਜੀ ਨੂੰ ਦਿਖਾਇਆ ਵੀ।

**ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥**

-- ਪਰ ਹੇ ਲੋਕੋ ! ਤੁਸੀਂ ਸ੍ਰੀ ਕ੍ਰਿਸ਼ਨ ਜੀ ਨੂੰ ਨੰਦ ਦੇ ਪੁਤਰ ਆਖੀ ਜਾਂਦੇ ਹੋ, ਸੋਚੋ ਉਹ ਨੰਦ ਦੇ ਪੁਤਰ ਕਿਵੇਂ ਹੋ ਗਏ !

**ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ ਰਹਾਉ ॥**

-- ਧਰਤੀ, ਆਕਾਸ਼, ਦਸੋ ਦਿਸ਼ਾਵਾਂ ਨਹੀਂ ਸਨ, ਭਾਵ, ਜਦੋਂ ਅਜੇ ਇਸ ਸ੍ਰਿਸ਼ਟੀ ਦੀ ਸਾਜਨਾ ਹੀ ਨਹੀਂ ਸੀ ਹੋਈ ਤਾਂ ਉਦੋਂ ਇਹ ਨੰਦ ਕਿਥੇ ਸੀ ? ਕਹਿਣ ਦਾ ਭਾਵ ਸਾਰੀ ਸ੍ਰਿਸ਼ਟੀ ਬਣਨ ਤੋਂ ਪਹਿਲਾਂ ਤਾਂ ਨੰਦ ਦੀ ਹੋਂਦ ਨਹੀਂ ਸੀ ਪਰ ਉਸ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦੀ ਹੋਂਦ ਤਾਂ ਫ਼ਿਰ ਵੀ ਸੀ, ਕਿਉਂਕਿ ਇਹੀ ਗੁਰ-ਜੋਤਿ ਹੀ ਤਾਂ ਸ੍ਰਿਸ਼ਟੀ ਦਾ ਕਰਤਾ ਹੈ ! ਤਾਂ ਮਤਲਬ ਇਹ ਨਿਕਲਿਆ ਕਿ ਅਸਲ ਪਿਤਾ ਤਾਂ ਉਹ ਗੁਰ-ਜੋਤਿ ਹੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ।੧।ਰਹਾਉ।

ਗੁਰਬਾਣੀ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ, ਸਮੇਂ ਦੇ ਗੁਰ-ਜੋਤਿ, ਨੂੰ ਸੰਬੋਧਨ ਕਰਦਿਆਂ ਅੰਕਤ ਕੀਤਾ ਗਿਆ ਹੈ ਕਿ **ਹੇ ਗੁਰੂ ਰਾਮਦਾਸ** ! ਤੂੰ ਹੀ ਬ੍ਰਹਮਾ ਵਿਸ਼ਨੂੰ ਆਦਿ ਦੀ ਸਿਰਜਨਾ ਕੀਤੀ ਅਤੇ ਪੈਦਾ ਹੋਣ ਤੋਂ ਬਾਅਦ ਜਿਨ੍ਹਾਂ ਨੂੰ ਮਾਇਆ ਦਾ ਮੋਹ ਚੰਬੜ ਗਿਆ। **ਹੇ ਗੁਰੂ ਰਾਮਦਾਸ** ! ਤੂੰ ਹੀ ਚਉਰਾਸੀਹ ਲਖ ਜੂਨ ਪੈਦਾ ਕੀਤੀ ਅਤੇ ਤਦੋਂ ਤੋਂ ਹੁਣ ਤਕ ਉਨ੍ਹਾਂ ਸਭ ਨੂੰ ਰਿਜ਼ਕ ਦਿੰਦਾ ਆ ਰਿਹਾ ਹੈਂ। **ਹੇ ਗੁਰੂ ਰਾਮਦਾਸ** ! ਤੂੰ ਵਾਹ ਹੈਂ, ਆਪਣੇ ਸੇਵਕਾਂ ਦੇ ਤੂੰ ਜੁਗਾਂ

ਜੁਗਾਂ ਤੋਂ (ਵਖ ਵਖ ਰੂਪਾਂ ਵਿਚ) ਹਮੇਸ਼ਾਂ ਤੋਂ ਹੀ ਅੰਗ-ਸੰਗ ਹੈਂ, ਸਭ ਕੁਝ ਤੇਰਾ ਹੀ ਸਦਕਾ ਹੈ, ਭਾਵ, ਤੂੰ ਹੀ ਕਰਣ-ਕਾਰਣ ਹੈਂ - 'ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਇਆ ਮਨ ਮਦ ਕਾ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥ ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥', ਪੰਨਾ ੧੪੦੩. ਸੋ ਗੁਰ-ਜੋਤਿ ਪਾਰਬ੍ਰਹਮ ਪਰਮੇਸ਼ਰ ਦਾ ਦ੍ਰਿਸ਼ਟਮਾਨ ਸਰੂਪ ਹੈ ਜੋ ਸਮੇਂ ਸਮੇਂ ਤੇ, ਆਪਣੇ ਭਗਤਾਂ ਦੀ ਖਾਤਰ, ਪ੍ਰਗਟ ਹੁੰਦਾ ਰਹਿੰਦਾ ਹੈ ਅਤੇ ਉਨ੍ਹਾਂ ਦਾ ਉਧਾਰ ਕਰਦਾ ਰਹਿੰਦਾ ਹੈ। ਦਸਵੇਂ ਪਾਤਸ਼ਾਹ, ਗੁਰ-ਜੋਤਿ ਦੇ ਹੀ ਸਮੇਂ ਦੇ ਪ੍ਰਕਾਸ਼, ਨੇ ਵੀ ਆਪਣੇ ਪ੍ਰਗਟ ਹੋਣ ਦਾ ਪ੍ਰਯੋਜਨ ਭਗਤਾਂ ਨੂੰ ਉਬਾਰਨਾ ਹੀ ਲਿਖਿਆ ਹੈ। ਉਨ੍ਹਾਂ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਸਾਰੇ ਭਗਤ ਸਮਝ ਲੈਣ ਕਿ ਉਨ੍ਹਾਂ ਨੇ ਸੰਤਾਂ ਨੂੰ ਉਬਾਰਨ ਅਤੇ ਦੁਸ਼ਟਾਂ ਦੇ ਸੰਘਾਰ ਹਿਤ ਹੀ ਸਰੀਰ ਰੂਪ ਵਿਚ ਪ੍ਰਕਾਸ਼ ਧਾਰਿਆ ਹੈ - 'ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਿਨ॥੪੩॥', ਬਚਿਤ੍ਰ ਨਾਟਕ।

**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥**

-- ਇਹ ਗੁਰ-ਜੋਤਿ ਰੂਪੀ ਮਹਾਤਮਾ (ਇਥੇ ਸ੍ਰੀ ਕ੍ਰਿਸ਼ਨ ਜੀ) ਜਨਮ ਮਰਨ ਦੇ ਸੰਕਟ ਵਿਚ ਨਹੀਂ ਪੈਂਦੇ ਅਤੇ ਉਨ੍ਹਾਂ ਦਾ ਨਾਮ ਵੀ ਨਿਰੰਜਨ, ਮਾਇਆ ਦੇ ਪ੍ਰਭਾਵ ਤੋਂ ਪਰ੍ਹਾਂ ਹੁੰਦਾ ਹੈ।

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਪਰ-ਉਪਕਾਰੀ ਜਨ, ਜਨਮ ਮਰਨ ਦੇ ਗੇੜ ਤੋਂ ਮੁਕਤ ਹੁੰਦੇ ਹਨ, ਉਹ ਜੀਅ ਦਾਨ, ਨਾਮ ਦਾਨ ਬਖ਼ਸ਼ ਕੇ ਭਗਤੀ ਵਲ ਲਗਾ ਦਿੰਦੇ ਹਨ ਅਤੇ ਹਰੀ ਪ੍ਰਭੂ ਨਾਲ ਮਿਲਾ ਲੈਂਦੇ ਹਨ - 'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥', ਪੰਨਾ ੭੪੯. ਇਸੇ ਤਰ੍ਹਾਂ, ਇਥੇ ਸ੍ਰੀ ਕ੍ਰਿਸ਼ਨ ਜੀ ਵੀ ਹਨ।

ਆਮ ਜੀਵ, ਕਰਮਾਂ ਦਾ ਬਧਾ, ਜਨਮ ਲੈ ਕੇ ਆਉਂਦਾ ਹੈ, ਕਰਮਾਂ ਅਨੁਸਾਰ ਹੀ ਰਿਸ਼ਤੇ ਭੋਗਦਾ ਹੈ ਅਤੇ ਕਰਮਾਂ ਦਾ ਬਧਾ ਹੀ ਤੁਰ ਜਾਂਦਾ ਹੈ। ਇਥੇ ਸਪੱਸ਼ਟ ਰੂਪ ਵਿਚ ਕਿਹਾ ਗਿਆ ਹੈ ਕਿ ਉਹ ਸ੍ਰੀ ਕ੍ਰਿਸ਼ਨ ਜੀ ਜਨਮ ਮਰਨ ਦੇ ਸੰਕਟ ਤੋਂ ਬਾਹਰ ਹਨ, ਮਾਇਆ ਦੇ ਪ੍ਰਭਾਵ ਤੋਂ ਪਰੇ ਹਨ, ਇਸ ਲਈ ਉਹ ਨਿਰੰਜਨ ਕਹਾਉਂਦੇ ਹਨ। ਅਜਿਹੇ ਮਹਾਤਮਾ ਨੂੰ ਐਸਾ ਕੋਈ ਬੰਧਨ ਨਹੀਂ ਹੁੰਦਾ, ਉਹ ਰਜ਼ਾ ਵਿਚ ਨਿਸੰਗ ਆਉਂਦੇ ਤੇ ਜਾਂਦੇ ਹਨ, ਜਿਵੇਂ ਪੰਨਾ ੯੩੨ ਤੇ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ - 'ਗੁਰਮੁਖਿ ਆਵੈ ਜਾਇ ਨਿਸੰਗੁ॥' ਅਜਿਹੇ ਮਹਾਤਮਾ ਦੇ ਅਵਤਰਣ ਦਾ, ਕੋਈ ਖ਼ਾਸ ਰੱਬੀ ਮਿਸ਼ਨ ਹੁੰਦਾ ਹੈ। ਉਹ ਤਾਂ ਆਪਣੇ ਭਗਤਾਂ ਦੀ ਖ਼ਾਤਰ ਅਵਤਾਰ ਧਾਰਣ ਕਰਦਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਅਜਿਹੇ ਸੰਤ ਮਹਾਤਮਾ ਸਦਾ ਥਿਰ ਰਹਿਣ ਵਾਲੇ, ਜਨਮ ਮਰਣ ਦੇ ਗੇੜ ਤੋਂ ਰਹਿਤ ਹੁੰਦੇ ਹਨ ਜਿਨ੍ਹਾਂ ਦਾ ਜੀਵਨ ਅਧਾਰ ਰਾਮ ਪ੍ਰਭੂ ਦਾ ਨਾਮ ਬਣ ਚੁਕਿਆ ਹੁੰਦਾ ਹੈ। ਬਾਕੀ ਸਭ ਜਨਮ ਮਰਣ ਦੇ ਗੇੜ ਵਿਚ ਹੁੰਦੇ ਹਨ ਅਤੇ ਆਪਣਾ ਪਾਇਆ ਝੂਠਾ ਪਸਾਰਾ ਇਥੇ ਹੀ ਛਡ ਜਾਂਦੇ ਹਨ, ਭਾਵੇਂ ਉਹ ਰਾਜੇ ਰਾਣੇ ਹੋਣ ਭਾਵੇਂ ਆਮ ਵਿਅਕਤੀ - 'ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ॥ ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ॥', ਅੰਕ ੧੨੦੦.

ਭਾਈ ਗੁਰਦਾਸ ਜੀ, ਉਸ ਦਾ, ਭਗਤ ਦੀ ਖ਼ਾਤਰ, ਸਰੀਰ ਧਾਰ ਕੇ ਆਉਣਾ ਅਤੇ ਆਪਣੇ ਭਗਤ ਨੂੰ ਗਲ ਲਾਉਣਾ ਦਸਦੇ ਹਨ ਅਤੇ ਇਹ ਵੀ ਦਸਦੇ ਹਨ ਕਿ ਉਹ ਪ੍ਰਭੂ ਸੰਤਾਂ ਨਾਲ ਆਪਣੇ ਆਪ ਨੂੰ ਵਖ ਨਹੀਂ ਕਰਦਾ, ਅੰਗ-ਸੰਗ ਹੁੰਦਾ ਹੈ - 'ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ॥ ਸੰਤ ਅਨੰਤ ਨ ਭੇਦ ਗਣਾਵੈ॥' ਵਾਰ ੧੦:੧੦.

**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥**

-- ਸੋ ਕਬੀਰ ਜੀ, ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਪੂਜਯ ਇਸ਼ਟ, ਸੁਆਮੀ ਦਸਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਗੁਰ-ਜੋਤਿ ਰੂਪ, ਸ੍ਰੀ ਕ੍ਰਿਸ਼ਨ ਜੀ ਦਾ ਅਸਲ ਵਿਚ ਮਾਤਾ ਪਿਤਾ, ਕਿਸੇ ਨੂੰ ਨਹੀਂ ਠਹਿਰਾਇਆ ਜਾ ਸਕਦਾ - 'ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥' ਅੰਕ ੬੫੮; ਭਾਵ, ਮਹਾਤਮਾ ਕਿਸੇ ਮੋਹ ਦੇ ਰਿਸ਼ਤਿਆਂ ਦਾ ਬੰਨ੍ਹਿਆਂ ਹੋਇਆ ਨਹੀਂ ਹੁੰਦਾ, ਉਹ ਤਾਂ ਉਸ ਦਾ ਹੁੰਦਾ ਹੈ ਜੋ ਉਸ ਨੂੰ ਭਾਅ ਜਾਏ। ਇਸੇ ਤਰ੍ਹਾਂ ਉਸ ਦਾ ਕੋਈ ਮਾਤਾ ਪਿਤਾ ਵੀ ਨਹੀਂ ਠਹਿਰਾਇਆ ਜਾ ਸਕਦਾ।

ਨੋਟ ਕਰਨ ਦੀ ਲੋੜ ਹੈ ਕਿ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭਾਈ ਗੁਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਠਾਕੁਰ, ਸੁਆਮੀ, ਨਾਰਾਇਣ ਰੂਪ, ਦੀਨਾ ਦੀਨ ਦਇਆਲ, ਆਦਿ ਲਿਖਿਆ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ - 'ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ॥', ਪੰਨਾ ੧੩੦੬, ਬਿਦਰ ਨੂੰ, ਦਾਸੀ ਪੁਤਰ ਹੋਣ ਦੇ ਬਾਵਜੂਦ ਗਲ ਨਾਲ ਲਾਇਆ - 'ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ॥', ਅੰਕ ੧੩੦੯. ਪੰਜਵੇਂ ਪਾਤਸ਼ਾਹ ਦੇ ਵੀ ਸਪੱਸ਼ਟ ਇਸ਼ਾਰੇ ਹਨ ਇਹ ਸਾਖੀ, ਭਾਵ ਸਚੀ ਘਟਨਾ ਹੈ ਕਿ ਬ੍ਰਾਹਮਣ ਸੁਦਾਮਾ, ਬਧਿਕ, ਕੁਬਿਜਾ, ਬਿਦਰ ਆਦਿ ਦਾ ਸਮੇਂ ਦੀ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਨੇ ਉਧਾਰ ਕੀਤਾ। ਇਸ ਲਈ ਹੇ ਮੇਰੇ ਮਨ ! ਤੂੰ ਵੀ ਪ੍ਰਭੂ/ਗੁਰ-ਜੋਤਿ ਨੂੰ ਹਮੇਸ਼ਾਂ ਚੇਤੇ ਕਰ - 'ਸੁਣਿ ਸਾਖੀ ਮਨ ਜਪਿ ਪਿਆਰ॥ ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥ ਬਧਿਕੁ ਉਧਾਰਿਓ ਖਮਿ ਪ੍ਰਹਾਰ॥ ਕੁਬਿਜਾ ਉਧਰੀ ਅੰਗੁਸਟ ਧਾਰ॥ ਬਿਦਰੁ ਉਧਾਰਿਓ ਦਾਸਤ ਭਾਇ॥ ਰੇ ਮਨ ਤੂ ਭੀ ਹਰਿ ਧਿਆਇ॥', ਪੰਨਾ ੧੧੯੨. ਭਗਤ ਨਾਮਦੇਵ ਜੀ ਦੇ ਬਚਨ ਹਨ - 'ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥', ਅੰਕ ੯੮੮, ਹੋਰ - 'ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥', ਅੰਕ ੧੧੦੫. ਦੁਰਜੋਧਨ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਸੰਵਾਦ ਬਿਆਨ ਕਰਦੇ ਹੋਏ ਭਗਤ ਕਬੀਰ ਜੀ ਸ੍ਰੀ ਕ੍ਰਿਸ਼ਨ ਜੀ ਬਾਰੇ ਬਚਨ ਕਰਦੇ ਹਨ - 'ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥ ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥', ਪੰਨਾ ੧੧੦੫, ਸ੍ਰੀ ਕ੍ਰਿਸ਼ਨ ਜੀ ਦੀ ਉਪਮਾ ਕਰਦੇ ਹੋਏ ਆਪਣੇ ਵਲ ਦ੍ਰਿਸ਼ਟੀ ਪਾਉਣ ਲਈ ਵਲਵਲਾ ਪੇਸ਼ ਕੀਤਾ ਹੈ ਕਿ ਜਿਵੇਂ ਗੋਪੀਆਂ ਤੇ ਕ੍ਰਿਪਾ ਕੀਤੀ ਹੈ ਇਸ ਤਰ੍ਹਾਂ ਉਨ੍ਹਾਂ ਤੇ ਵੀ ਕਰੋ - 'ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ॥', ਅੰਕ ੩੩੮. ਭਾਈ ਗੁਰਦਾਸ ਜੀ ਨੇ ਵੀ ਸਪੱਸ਼ਟ ਬਿਆਨ ਕੀਤਾ ਹੈ ਕਿ ਜਦੋਂ ਦ੍ਰੋਪਦੀ ਦੀ ਪੈਜ ਰਖੀ ਗਈ ਤਾਂ ਉਹ ਘਰ ਆਈ, ਅਗੋਂ ਠਾਕੁਰ ਜੀ, ਭਾਵ, ਸ੍ਰੀ ਕ੍ਰਿਸ਼ਨ ਜੀ ਮਿਲੇ ਤਾਂ ਉਨ੍ਹਾਂ ਨੇ ਦ੍ਰੋਪਦੀ ਤੋਂ ਪੈਜ ਰਖੀ ਜਾਣ ਬਾਰੇ ਪੁਛਿਆ ਤਾਂ ਉਸ ਨੇ ਸ਼ਰਮਾਂਦੀ ਨੇ 'ਹਾਂ' ਵਿਚ ਉਤਰ ਦਿਤਾ - 'ਘਰਿ ਆਈ ਠਾਕੁਰ

ਮਿਲੇ ਪੈਜ ਰਹੀ ਬੋਲੀ ਸਰਮਾਂਦੀ॥', ਵਾਰ ੧੦:੮. ਭਾਈ ਗੁਰਦਾਸ ਜੀ ਨੇ ਤਾਂ ਸੁਦਾਮੇ ਦਾ ਪ੍ਰਸੰਗ ਬਿਆਨ ਕਰਦਿਆਂ ਸ੍ਰੀ ਕ੍ਰਿਸ਼ਨ ਜੀ ਨੂੰ 'ਹਰਿ ਜੀ' ਵੀ ਲਿਖਿਆ ਹੈ - 'ਪਹੁਤਾ ਨਗਰ ਦੁਆਰਕਾ  ਸਿੰਘ ਦੁਆਰਿ ਖਲੋਤਾ ਜਾਏ॥ ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ॥', ਵਾਰ ੧੦:੯, ਸ੍ਰੀ ਕ੍ਰਿਸ਼ਨ ਜੀ ਨੂੰ 'ਭਗਵਾਨ ਜੀ' ਅਤੇ 'ਗੋਬਿੰਦ' ਵੀ ਲਿਖਿਆ ਹੈ - 'ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ॥.. ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥.. ਗੋਬਿੰਦ ਭਾਉ ਭਗਤਿ ਦਾ ਭੁਖਾ॥', ਵਾਰ ੧੦:੭.

ਅਸਲ ਵਿਚ, ਭਗਤ ਕਬੀਰ ਜੀ ਨੇ ਇਸ ਉਪਰੋਕਤ ਸ਼ਬਦ ਵਿਚ, ਗੁਰ-ਜੋਤਿ ਦੀ ਉਸਤਤਿ ਕੀਤੀ ਹੈ, ਜੋ ਸਮੇਂ ਸਮੇਂ ਤੇ, ਦੁਨੀਆਂ ਵਿਚ ਪ੍ਰਕਾਸ਼ ਮਾਨ ਹੁੰਦੀ ਰਹਿੰਦੀ ਹੈ। ਉਸ ਸਮੇਂ, ਭਾਵ, ਦੁਆਪਰ ਜੁਗ ਵਿਚ ਦੇ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦੀ ਮਿਸਾਲ ਲਈ ਹੈ, ਜੋ ਹਰ ਆਉਣ ਵਾਲੇ ਸਮੇਂ ਤੇ, ਗੁਰ-ਜੋਤਿ ਲਈ ਸਹੀ ਹੈ, ਚਾਹੇ ਉਹ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ, ੧੦ ਪਾਤਸ਼ਾਹ ਹਨ ਜਾਂ ਹੋਰ ਆਉਣ ਵਾਲੇ ਕਿਸੇ ਸਮੇਂ ਵਿਚ ਵੀ ਹੋਣ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਦੁਨਿਆਵੀ ਰਿਸ਼ਤੇ ਨਹੀਂ ਨਿਭਾਏ। ਜੇ ਨਿਭਾਏ ਹੁੰਦੇ ਤਾਂ ਉਹ ਦੁਨੀਆਂ ਨੂੰ ਤਾਰਣ ਹਿਤ ਉਦਾਸੀਆਂ ਨਾ ਕਰਦੇ। ਤਾਂ ਫ਼ਿਰ, ਅਜ ਉਨ੍ਹਾਂ ਦੇ ਦਰ ਤੇ ਦੁਨੀਆਂ ਸਿਜਦੇ ਨਾ ਕਰਦੀ ਦਿਸਦੀ ਹੁੰਦੀ। ਉਹ ਤਾਂ ਆਪ ਨਾਰਾਇਣ, ਚੋਲਾ ਪਾ ਕੇ ਸਾਡੇ ਸਾਹਮਣੇ ਆ ਗਏ। ਨਾਰਾਇਣ ਦਾ ਕੋਈ ਮਾਤਾ ਪਿਤਾ ਨਹੀਂ ਹੁੰਦਾ। ਉਹ ਤਾਂ ਕਿਸੇ ਦੇ ਘਰ ਪ੍ਰਕਾਸ਼ ਧਾਰ ਕੇ, ਉਸ ਕੁਲ ਨੂੰ ਮਾਣ ਬਖਸ਼ ਦਿੰਦੇ ਹਨ।

